بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّی عَلٰی رَسُوْلِهِ الْكَرِيْمِ وَعَلٰی عَبْدِهِ الْمَسِيْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰه
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਓਹਦ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਦੁਆ ਕਬੂਲ ਹੋਣ, ਸਹਾਬੀਆਂ ਅਤੇ ਸਹਾਬੀਆਤ ਦੀਆਂ ਕੁਰਬਾਨੀਆਂ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨਾਲ ਇਸ਼ਕ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 08 ਮਾਰਚ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ اَمَّا بَعْدُ فَاَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ اِيَّاكَ نَعْبُدُ وَاِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ اَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਓਹਦ ਦੀ ਜੰਗ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਦੁਆ ਦੇ ਕਬੂਲ ਹੋਣ, ਜੋ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਆਪਣੇ ਸਹਾਬੀ ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਦੀ ਦੁਆ ਕਬੂਲ ਹੋਣ ਲਈ ਕੀਤੀ ਸੀ, ਉਸ ਦੇ ਕਿੱਸਿਆਂ ਦਾ ਇੰਝ ਜ਼ਿਕਰ ਮਿਲਦਾ ਹੈ। ਆਇਸ਼ਾ ਬਿਨਤੇ ਸਾਅਦ ਰਜ਼ੀ ਅੱਲਾਹ ਅੰਨਹੁ ਨੇ ਆਪਣੇ ਪਿਤਾ ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਬਿਆਨ ਕੀਤੀ ਹੈ ਕਿ ਉਹ ਫ਼ਰਮਾਉਂਦੇ ਹਨ : ਜੱਦ ਲੋਕਾਂ ਨੇ ਪਲਟ ਕੇ ਹਮਲਾ ਕੀਤਾ ਤਾਂ ਮੈਂ ਕਿਹਾ ਕਿ ਉਹਨਾਂ ਨੂੰ ਆਪਣੇ ਤੋਂ ਹਟਾ ਦਿਆਂਗੇ ਜਾਂ ਤਾਂ ਮੈਂ ਆਪ ਮੁਕਤੀ ਪਾਵਾਂਗਾ ਜਾਂ ਮੈਂ ਸ਼ਹੀਦ ਹੋ ਜਾਵਾਂਗਾ। ਅਚਾਨਕ ਮੈਂ ਇੱਕ ਲਾਲ ਚਿਹਰੇ ਵਾਲੇ ਵਿਅਕਤੀ ਨੂੰ ਵੇਖਿਆ ਅਤੇ ਕਰੀਬ ਸੀ ਕਿ ਮੁਸ਼ਰਿਕ ਉਹਨਾਂ ਉੱਤੇ ਭਾਰੇ ਪੈ ਜਾਣ ਤਾਂ ਉਸ ਵਿਅਕਤੀ ਨੇ ਆਪਣਾ ਹੱਥ ਕੰਕਰਾਂ ਨਾਲ ਭਰ ਕੇ ਉਹਨਾਂ ਨੂੰ ਮਾਰਿਆ ਤਾਂ ਅਚਾਨਕ ਮੇਰੇ ਅਤੇ ਉਸ ਵਿਅਕਤੀ ਦੇ ਵਿੱਚਕਾਰ ਮਿਕਦਾਦ ਰਜ਼ੀ ਅੱਲਾਹ ਅੰਨਹੁ ਆ ਗਏ। ਉਹਨਾਂ ਨੇ ਕਿਹਾ ਕਿ ਇਹ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਸਨ ਅਤੇ ਤੈਨੂੰ ਸੱਦ ਰਹੇ ਹਨ। ਮੈਨੂੰ ਇੰਝ ਲੱਗਿਆ ਜਿਵੇਂ ਕਿ ਮੈਨੂੰ ਕੋਈ ਤਕਲੀਫ਼ ਹੀ ਨਹੀਂ ਪਹੁੰਚੀ, ਮੈਂ ਇੱਕ ਦਮ ਖੜ੍ਹਾ ਹੋਇਆ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਕੋਲ੍ਹ ਆਇਆ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਮੈਨੂੰ ਆਪਣੇ ਸਾਮ੍ਹਣੇ ਬਹਾ ਲਿਆ ਸੀ। ਮੈਂ ਤੀਰ ਮਾਰਨ ਲੱਗਿਆ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਕਹਿੰਦੇ : ਹੇ ਰੱਬ ! ਤੂੰ ਸਾਅਦ ਰਜ਼ੀ ਅੱਲਾਹ ਅੰਨਹੁ ਦੀ ਦੁਆ ਕਬੂਲ ਕਰ ਲੈ। ਹੇ ਰੱਬ ! ਸਾਅਦ ਰਜ਼ੀ ਅੱਲਾਹ ਅੰਨਹੁ ਦੇ ਨਿਸ਼ਾਨੇ ਨੂੰ ਦਰੁਸਤ ਕਰਦੇ। ਹੇ ਸਾਅਦ ਰਜ਼ੀ ਅੱਲਾਹ ਅੰਨਹੁ ! ਤੇਰੇ ਉੱਤੇ ਮੇਰੀ ਮਾਂ-ਬਾਪ ਕੁਰਬਾਨ ਹੋਣ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਇਸ ਬਾਰੇ ਵਿੱਚ ਲਿੱਖੀਆ ਹੈ ਕਿ ਸਾਅਦ ਬਿਨ ਵਕਾਸ ਰਜ਼ੀ ਅੱਲਾਹ ਅੰਨਹੁ ਆਪਣੀ ਅੰਤਿਮ ਉਮਰ ਤੱਕ ਉਹਨਾਂ ਸ਼ਬਦਾਂ ਨੂੰ ਬਹੁਤ ਮਾਣ ਨਾਲ ਬਿਆਨ ਕਰਦੇ ਸਨ।

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਆਦੇਸ਼ ਉੱਤੇ, ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੇ ਕੁੱਫ਼ਾਰ ਦੇ ਹਮਲੇ ਨੂੰ ਕਿਵੇਂ ਅਸਫ਼ਲ ਬਣਾਇਆ। ਇਸ ਬਾਰੇ ਇੰਝ ਜ਼ਿਕਰ ਮਿਲਦਾ ਹੈ ਕਿ ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਸਹਾਬਾ ਦੀ ਜਮਾਅਤ ਦੇ ਨਾਲ ਚਟਾਨ ਉੱਤੇ ਮੌਜੂਦ ਸਨ। ਅਚਾਨਕ ਖ਼ਾਲਿਦ ਬਿਨ ਵਲੀਦ ਦੀ

ਅਗਵਾਈ ਵਿੱਚ ਕੁਰੈਸ਼ ਦੀ ਇੱਕ ਜਮਾਅਤ ਪਹਾੜ੍ਹ ਵੱਲੋਂ ਪਹੁੰਚ ਗਈ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਦੁਸ਼ਮਨ ਨੂੰ ਉੱਤੇ ਵੇਖ ਕੇ ਦੁਆ ਕੀਤੀ ਕਿ ਹੇ ਰੱਬ ! ਉਹਨਾਂ ਲਈ ਯੋਗ ਨਹੀਂ ਕਿ ਉਹ ਸਾਡੇ ਉੱਤੇ ਭਾਰੀ ਪੈਣ। ਹੇ ਰੱਬ ! ਸਾਡੀ ਤਾਕਤ ਅਤੇ ਸ਼ਕਤੀ ਨਹੀਂ ਹੈ, ਪਰ ਕੇਵਲ ਤੇਰੇ ਹੀ ਰਾਹੀਂ। ਉਸੇ ਸਮੇਂ ਹਜ਼ਰਤ ਉਮਰ ਫ਼ਾਰੂਕ ਰਜ਼ੀ ਅੱਲਾਹ ਅੰਨਹੁ ਨੇ ਮੁਹਾਜਿਰਾਂ ਦੀ ਇੱਕ ਜਮਾਅਤ ਦੇ ਨਾਲ ਉਹਨਾਂ ਲੋਕਾਂ ਦਾ ਮੁਕਾਬਲਾ ਕੀਤਾ ਅਤੇ ਉਹਨਾਂ ਨੂੰ ਪਿੱਛੇ ਧੱਕ ਕੇ ਪਹਾੜ੍ਹੀ ਤੋਂ ਹੇਠਾ ਆਉਣ ਲਈ ਮਜਬੂਰ ਕਰ ਦਿੱਤਾ। ਇਸ ਕਿੱਸੇ ਦੇ ਸਿਲਸਿਲੇ ਵਿੱਚ ਰੱਬ ਦਾ ਇਹ ਆਦੇਸ਼ ਆਇਆ : ਅਤੇ ਕਮਜ਼ੋਰੀ ਨ ਵਿਖਾਓ ਅਤੇ ਦੁੱਖ ਨ ਕਰੋ। ਜੱਦਕਿ ਜ਼ਰੂਰ ਤੁਸੀਂ ਹੀ ਜਿੱਤਣ ਵਾਲੇ ਹੋ। ਜੇਕਰ ਤੁਸੀਂ ਮੋਮਿਨ ਹੋ।

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਜ਼ਖ਼ਮੀ ਹੋਣ ਦੇ ਬਾਦ ਵੀ ਸਹਾਬਾ ਦੀ ਚਿੰਤਾ ਕਰਨ ਬਾਰੇ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੀ ਸਾਖੀ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਜੱਦ ਓਹਦ ਦੇ ਦਿਨ ਦਾ ਜ਼ਿਕਰ ਕਰਦੇ ਤਾਂ ਫ਼ਰਮਾਉਂਦੇ : ਉਹ ਦਿਨ ਸਾਰੇ ਦਾ ਸਾਰਾ ਤਲਹਾ ਰਜ਼ੀ ਅੱਲਾਹ ਅੰਨਹੁ ਦਾ ਸੀ। ਫ਼ਿਰ ਉਸ ਦਾ ਵਿਸਥਾਰ ਦੱਸਦੇ ਕਿ ਮੈਂ ਉਹਨਾਂ ਲੋਕਾਂ ਵਿੱਚੋਂ ਸੀ। ਜੋ ਉਹਦ ਦੇ ਦਿਨ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵੱਲ੍ਹ ਪਰਤੇ ਸਨ। ਮੈਂ ਵੇਖਿਆ ਆਪ ਸੱਲਲਾਹੁ ਅਲੈਹਿ ਵਸੱਲਮ ਦਾ ਹੇਠਲਾ ਦੰਦ ਟੁੱਟ ਗਿਆ ਸੀ ਅਤੇ ਚਹਿਰਾ ਜ਼ਖ਼ਮੀ ਸੀ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਚਿਹਰੇ ਵਿੱਚ ਖੋਦ ਦੀਆਂ ਕੜ੍ਹੀਆਂ ਧੰਸ ਚੁੱਕਿਆ ਸਨ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਤੁਸੀਂ ਆਪਣੇ ਸਾਥੀ ਅਰਥਾਤ ਤਲਹਾ ਰਜ਼ੀ ਅੱਲਾਹ ਅੰਨਹੁ ਦੀ ਮਦਦ ਕਰੋ। ਹਜ਼ੂਰੇ ਅਨਵਰ ਨੇ ਫ਼ਰਮਾਇਆ : ਇਹ ਕਿੱਸੇ ਕੁੱਝ ਪਹਿਲਾਂ ਵੀ ਬਿਆਨ ਕਰ ਚੁੱਕਿਆ ਹਾਂ ਕੁੱਝ ਫ਼ਿਰ ਬਿਆਨ ਕਰ ਦੇਣਾ।

ਮਦੀਨਾ ਦੀਆਂ ਔਰਤਾਂ ਦੇ ਸਬਰ ਅਤੇ ਰਜ਼ਾ ਦੇ ਨਮੂਨਿਆਂ ਬਾਰੇ ਕੁੱਝ ਮਿਸਾਲਾਂ ਹਨ। ਜੰਗੇ ਓਹਦ ਦੇ ਬਾਦ ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਮਦੀਨਾ ਪਰਤੇ ਤਾਂ ਹਜ਼ਰਤ ਮਸਅਬ ਬਿਨ ਉਮੈਰ ਰਜ਼ੀ ਅੱਲਾਹ ਅੰਨਹੁ ਦੀ ਪਤਨੀ ਹੁਮਨਾ ਬਿਨਤੇ ਹਜਸ਼ ਰਜ਼ੀ ਅੱਲਾਹ ਅੰਨਹੁ ਨੂੰ ਲੋਕਾਂ ਨੇ ਉਹਨਾਂ ਦੇ ਭਰਾ ਅਤੇ ਮਾਮੇ ਦੀ ਸ਼ਹਾਦਤ ਦੀ ਖ਼ਬਰ ਦਿੱਤੀ ਤਾਂ ਉਹਨਾਂ ਨੇ اناللهواناالیهراجعون ਪੜ੍ਹਿਆ। ਪਰ ਜੱਦ ਉਹਨਾਂ ਦੇ ਪਤੀ ਦੀ ਸ਼ਹਾਦਤ ਦੀ ਖ਼ਬਰ ਦਿੱਤੀ ਤਾਂ ਉਹ ਰੋਣ ਲੱਗ ਗਈਂ ਅਤੇ ਬੇਚੈਨ ਹੋ ਗਈਂ ਅਤੇ ਕਿਹਾ ਕਿ ਹਾਏ ਅਫ਼ਸੋਸ ! ਆਪ ਸੱਲਲਾਹੁ ਅਲੈਹਿ ਵਸੱਲਮ ਦੇ ਪੁੱਛਣ ਉੱਤੇ ਕਿ ਤੂੰ ਇਹੋ ਜਿਹੇ ਸ਼ਬਦ ਕਿਉਂ ਬੋਲੇ। ਹੁਮਨਾ ਰਜ਼ੀ ਅੱਲਾਹ ਅਨਹਾ ਨੇ ਕਿਹਾ ਕਿ ਕੇਵਲ ਪਤੀ ਲਈ ਕਿਹਾ। ਮੈਨੂੰ ਉਸ ਦੇ ਬੱਚਿਆਂ ਦਾ ਅਨਾਥ ਹੋਣਾ ਯਾਦ ਆ ਗਿਆ ਸੀ। ਜਿਸ ਕਰਕੇ ਦੁੱਖੀ ਹੋ ਗਈ ਅਤੇ ਦੁੱਖ ਦੀ ਹਾਲਤ ਵਿੱਚ ਇਹ ਕਲਮਾ ਮੇਰੇ ਮੂੰਹੋਂ ਨਿਕਲ ਗਿਆ। ਇਹ ਸੁਣ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਮਸਅਬ ਰਜ਼ੀ ਅੱਲਾਹ ਅੰਨਹੁ ਦੀ ਸੰਤਾਨ ਲਈ ਦੁਆ ਕੀਤੀ ਕਿ ਹੇ ਰੱਬ ! ਉਹਨਾਂ ਦੇ ਨਿਗਰਾਨ ਅਤੇ ਬੁਜ਼ੁਰਗ, ਉਹਨਾਂ ਨਾਲ ਮਿਹਰ ਅਤੇ ਕਿਰਪਾ ਦਾ ਸਲੂਕ ਕਰਨ ਅਤੇ ਉਹਨਾਂ ਨਾਲ ਚੰਗਾ ਵਤੀਰਾ ਰੱਖਣ।

ਹਜ਼ਰਤ ਹਿੰਦ ਰਜ਼ੀ ਅੱਲਾਹ ਅੰਨਹਾ ਨੂੰ ਜੱਦ ਆਪਣੇ ਪਤੀ, ਭਰਾ ਅਤੇ ਲੜ੍ਹਕੇ ਦੀ ਸ਼ਹਾਦਤ ਦਾ ਪਤਾ ਲੱਗਿਆ ਕਿ ਉਹ ਸ਼ਹੀਦ ਹੋ ਗਏ ਤਾਂ ਉਹ ਉਹਨਾਂ ਨੂੰ ਉਂਠਣੀ ਉੱਤੇ ਮਦੀਨਾ ਦਫ਼ਨ ਕਰਨ ਲਈ ਲੈ ਕੇ ਜਾ ਰਹੀ ਸਨ। ਉਂਠਣੀ ਦਾ ਰੁੱਖ ਜੱਦ ਮਦੀਨੇ ਵੱਲ੍ਹ ਕਰਦੇ ਤਾਂ ਉਹ ਬਹਿ ਜਾਂਦੀ ਅਤੇ ਜੱਦ ਓਹਦ ਵੱਲ੍ਹ ਕਰਦੇ ਤਾਂ ਉਹ ਛੇਤੀ ਛੇਤੀ ਤੁਰਨ ਲੱਗਦੀ। ਹਜ਼ਰਤ ਹਿੰਦ ਰਜ਼ੀ ਅੱਲਾਹ ਅੰਨਹਾ, ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਕੋਲ੍ਹ ਆਈਂ

ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਉਸ ਦੀ ਖ਼ਬਰ ਦਿੱਤੀ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਉਹ ਉੱਠਣੀ ਮਾਮੂਰ ਕੀਤੀ ਗਈ ਹੈ। ਅਰਥਾਤ ਉਸ ਨੂੰ ਰੱਬ ਵੱਲੋਂ ਇਸੇ ਕੰਮ ਉੱਤੇ ਲਾਇਆ ਗਿਆ ਸੀ ਕਿ ਮਦੀਨਾ ਵੱਲ੍ਹ ਨ ਜਾਏ। ਸਗੋਂ ਓਹਦ ਵੱਲ੍ਹ ਰਹੇ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਕੀ ਤੁਹਾਡੇ ਪਤੀ ਨੇ ਜੰਗ ਉੱਤੇ ਜਾਣ ਤੋਂ ਪਹਿਲਾਂ ਕੁੱਛ ਕਿਹਾ ਸੀ। ਹਜ਼ਰਤ ਹਿੰਦ ਰਜ਼ੀ ਅੱਲਾਹ ਅੰਨਹਾ ਨੇ ਕਿਹਾ ਕਿ ਜੱਦ ਉਹ ਓਹਦ ਵੱਲ੍ਹ ਜਾਣ ਲੱਗੇ ਤਾਂ ਉਹਨਾਂ ਨੇ ਕਿਬਲੇ ਵੱਲ੍ਹ ਮੂੰਹ ਕਰਕੇ ਇਹ ਕਿਹਾ ਸੀ ਕਿ ਹੇ ਰੱਬ! ਮੈਨੂੰ ਮੇਰੇ ਘਰਦਿਆਂ ਵੱਲ੍ਹ ਸ਼ਰਮਿੰਦਾ ਕਰਕੇ ਨ ਵਾਪਸ ਕਰੀਂ ਅਤੇ ਮੈਨੂੰ ਸ਼ਹਾਦਤ ਨਸੀਬ ਕਰੀਂ। ਇਸ ਉੱਤੇ ਆਂਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਇਸੇ ਕਰਕੇ ਉੱਠਣੀ ਨਹੀਂ ਚੱਲ ਰਹੀ ਸੀ। ਫ਼ਰਮਾਇਆ ਕਿ ਹੇ ਅਨੰਸਾਰ ਦੇ ਗਰੋਹ! ਤੁਹਾਡੇ ਵਿੱਚੋਂ ਕੁੱਛ ਅਜਿਹੇ ਨੇਕ ਲੋਕ ਹਨ ਕਿ ਜੇਕਰ ਉਹ ਰੱਬ ਦੀ ਕਸਮ ਖਾ ਕੇ ਕੋਈ ਗੱਲ੍ਹ ਕਰਨ ਤਾਂ ਰੱਬ ਉਹਨਾਂ ਦੀ ਉਹ ਗੱਲ੍ਹ ਜ਼ਰੂਰ ਪੂਰੀ ਕਰਦਾ ਹੈ ਅਤੇ ਅਮਰ ਬਿਨ ਜਮੂਹ ਰਜ਼ੀ ਅੱਲਾਹ ਅੰਨਹੁ ਵੀ ਉਹਨਾਂ ਵਿੱਚੋਂ ਇੱਕ ਹਨ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਦੂਜੇ ਵਿਸ਼ਵ ਯੁੱਧ ਵਿੱਚ ਜਰਮਨੀ ਦੀ ਇੱਕ ਬੁੱਢੀ ਔਰਤ ਦਾ ਬੇਟਾ ਜੰਗ ਵਿੱਚ ਮਾਰਿਆ ਗਿਆ ਅਤੇ ਉਸ ਨੇ ਇੱਕ ਬਣਾਵਟੀ ਹਾਸਾ ਲਾ ਕੇ ਉਸ ਖ਼ਬਰ ਉੱਤੇ ਆਪਣਾ ਰੱਦੇ ਅਮਲ ਪ੍ਰਗਟ ਕੀਤਾ ਸੀ ਤਾਂ ਉਹਨਾਂ ਦਿਨਾਂ ਵਿੱਚ ਖ਼ਬਰ ਆਈ ਕਿ ਵੇਖੋ ਉਸ ਔਰਤ ਨੇ ਕਿੰਨ੍ਹੇ ਸਬਰ ਦਾ ਪ੍ਰਗਟਾਵਾ ਕੀਤਾ ਹੈ। ਆਪ ਰਜ਼ੀ ਅੱਲਾਹ ਅੰਨਹੁ ਨੇ ਫ਼ਰਮਾਇਆ ਕਿ ਉਹ ਹੰਸੀ ਤਾਂ ਪਰ ਉਸ ਦਾ ਪ੍ਰਗਟਾਵਾ ਬੋਝ ਨਾਲ ਦਬਾ ਹੋਇਆ ਪਤਾ ਲੱਗਦਾ ਹੈ। ਅਰਥਾਤ ਉਹ ਦਿਲ੍ਹ ਵਿੱਚ ਰੌ ਰਹੀ ਸੀ। ਪਰ ਸਹਾਬੀਯਾ ਦਾ ਕਿੱਸਾ ਇਹ ਨਹੀਂ ਹੈ ਕਿ ਉਸ ਨੇ ਰੋਕਾ ਹੋਇਆ ਸੀ ਅਤੇ ਦਿਲ੍ਹ ਵਿੱਚ ਰੌ ਰਹੀ ਸੀ। ਸਗੋਂ ਉਹ ਦਿਲ੍ਹ ਵਿੱਚ ਖ਼ੁਸ਼ ਸੀ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਜ਼ਿੰਦਾ ਹਨ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਕਹਿੰਦੇ ਹਨ ਕਿ ਮੈਂ ਜੱਦ ਉਸ ਔਰਤ ਦਾ ਕਿੱਸਾ ਪੜ੍ਹਦਾ ਹਾਂ ਤਾਂ ਮੇਰਾ ਦਿਲ੍ਹ ਉਸ ਬਾਰੇ ਅਦਬ ਅਤੇ ਸਤਿਕਾਰ ਨਾਲ ਭਰ ਜਾਂਦਾ ਹੈ ਅਤੇ ਮੇਰਾ ਦਿਲ੍ਹ ਚਾਹੁੰਦਾ ਹੈ ਕਿ ਮੈਂ ਉਸ ਪਵਿਤੱਰ ਔਰਤ ਦੇ ਦਾਮਨ ਨੂੰ ਛੂ ਲਵਾਂ ਅਤੇ ਫ਼ਿਰ ਆਪਣੇ ਹੱਥ ਅੱਖਾਂ ਨਾਲ ਲਾਵਾਂ ਕਿ ਉਸ ਨੇ ਮੇਰੇ ਪਿਆਰੇ ਲਈ ਆਪਣੇ ਪ੍ਰੇਮ ਦੀ ਇੱਕ ਅਸਧਾਰਨ ਯਾਦਗਾਰ ਛੱਡ ਦਿੱਤੀ। ਆਪ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਇਹ ਪਿਆਰ ਸੀ। ਜੋ ਰੱਬ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਸੰਬੰਧੀ ਉਹਨਾਂ ਲੋਕਾਂ ਦੇ ਦਿਲ੍ਹਾਂ ਵਿੱਚ ਪੈਦਾ ਕਰ ਦਿੱਤਾ ਸੀ। ਰੱਬ ਦੇ ਮੁਕਾਬਲੇ ਵਿੱਚ ਉਹ ਮਾਂ-ਬਾਪ, ਭੇਣ-ਭਰਾ, ਪਤਨੀ ਅਤੇ ਪਤੀ ਦੀ ਚਿੰਤਾ ਨਹੀਂ ਕਰਦੇ ਸਨ। ਉਹਨਾਂ ਦੇ ਸਾਮ੍ਹਣੇ ਇੱਕ ਹੀ ਚੀਜ਼ ਸੀ ਅਤੇ ਉਹ ਇਹ ਕਿ ਉਹਨਾਂ ਦਾ ਰੱਬ ਉਹਨਾਂ ਤੋਂ ਰਾਜ਼ੀ ਹੋ ਜਾਵੇ। ਇਸੇ ਲਈ ਰੱਬ ਨੇ ਉਹਨਾਂ ਲਈ ਰਜ਼ੀ ਅੱਲਾਹ ਫ਼ਰਮਾ ਦਿੱਤਾ।

ਇੱਕ ਜੀਵਨੀਕਾਰ ਲਿੱਖਦਾ ਹੈ : ਕੋਈ ਸ਼ੱਕ ਨਹੀਂ ਮਦੀਨਾ ਦੀ ਮੁਸੀਬਤ ਬਹੁਤ ਦਰਦਮੰਦ ਮੁਸੀਬਤ ਸੀ। ਪਰ ਮੱਕਾ ਅਤੇ ਮਦੀਨਾ ਦੇ ਵਿੱਚਕਾਰ ਇੱਕ ਮੁਸੀਬਤ ਦੇ ਵਸੂਲ ਕਰਨ ਵਿੱਚ ਦੂਰ ਦਰਾੜ੍ਹੇ ਦਾ ਫ਼ਰਕ ਸੀ। ਮੱਕੇ ਦੇ ਮੁਸ਼ਰਿਕਾਂ ਨੇ ਆਪਣੀ ਬਦਰ ਦੀ ਮੁਸੀਬਤਾਂ ਨੂੰ ਕੁੱਛ ਕਮਜ਼ੋਰੀ ਅਤੇ ਘਬਰਾਹਟ ਨਾਲ ਵਸੂਲ ਕੀਤਾ। ਜੱਦ ਕਿ ਮਦੀਨਾ ਨੇ ਆਪਣੀ ਓਹਦ ਦੀ ਮੁਸੀਬਤ ਨੂੰ ਬਹੁਤ ਸਬਰ ਸੰਤੋਖ, ਇਮਾਨ ਅਤੇ ਬਹਾਦਰੀ ਨਾਲ ਵਸੂਲ ਕੀਤਾ। ਓਹਦ ਵਿੱਚ ਮੁਸਲਮਾਨਾਂ ਨੂ ਵੀ ਕਾਫ਼ੀ ਨੁਕਸਾਨ ਪਹੁੰਚਾ। ਪਰ ਉਹਨਾਂ ਦਾ ਇਹ ਨੁਕਸਾਨ ਬਹੁਤ ਸਬਰ, ਇਮਾਨ, ਬਹਾਦਰੀ ਅਤੇ ਦਰਿੜ੍ਹਤਾ ਸੀ। ਮਦੀਨਾ ਦੀ ਫ਼ੌਜ ਨੂੰ ਓਹਦ ਵਿੱਚ ਜੋ ਨੁਕਸਾਨ ਪਹੁੰਚਾ। ਉਸ ਕਰਕੇ ਮਦੀਨਾ ਦੇ ਲੋਕਾਂ ਵਿੱਚੋਂ ਕਿਸੇ ਉੱਤੇ ਵੀ ਘਬਰਾਹਟ, ਕਮਜ਼ੋਰੀ ਦਾ ਕੋਈ ਨਿਸ਼ਾਨ ਨਹੀਂ ਸੀ। ਬਾਕੀ ਇੰਸ਼ਾ-ਅੱਲਾਹ ਬਾਦ ਵਿੱਚ।

ਫ਼ਲਸਤੀਨ ਦੇ ਲੋਕਾਂ ਲਈ ਦੁਆ ਕਰੋ । ਰੱਬ ਉਹਨਾਂ ਲਈ ਆਸਾਨੀਆਂ ਪੈਦਾ ਕਰੇ । ਦੁਸ਼ਮਨ ਤਾਂ ਆਪਣੀ ਸਾਰੀਆਂ ਮੰਦੀ ਸੋਚਾਂ ਅਤੇ ਹਰਕਤਾਂ ਰਾਹੀਂ ਉਹਨਾਂ ਨੂੰ ਤਬਾਹ ਕਰਨ ਉੱਤੇ ਤੁਲਿਆ ਹੋਇਆ ਹੈ । ਵੱਡੀ ਤਾਕਤਾਂ ਜੰਗ ਨੂੰ ਰੋਕਣ ਦੀ ਥਾਂ ਉਸ ਨੂੰ ਹਵਾ ਦੇਣ ਦੀ ਕੋਸ਼ਿਸ਼ਾਂ ਕਰ ਰਹੀਆਂ ਹਨ । ਸੋ, ਰੱਬ ਹੀ ਹੈ, ਜੋ ਉਹਨਾਂ ਦੇ ਹੱਥਾਂ ਨੂੰ ਰੋਕ ਸਕਦਾ ਹੈ । ਇਸ ਲਈ ਬਹੁਤ ਦੁਆ ਕਰੋ ।

ਇੰਝ ਹੀ ਜਿਸ ਲੋਕ ਭਲਾਈ ਦੀ ਤਨਜ਼ੀਮ ਰਾਹੀਂ ਉਹਨਾਂ ਨੂੰ ਖਾਣਾ ਜਾਂ ਦਵਾਈਆਂ ਆਦਿ ਜਾਂ ਕਿਸੇ ਕਿਸਮ ਦੀ ਮਦਦ ਮਿਲ ਸਕਦੀ ਹੈ । ਉਹ ਅਹਮਦੀਆਂ ਨੂੰ ਕਰਨੀ ਚਾਹੀਦੀ ਹੈ । ਆਪਣੇ ਹਲਕੇ ਵਿੱਚ ਉਹਨਾਂ ਦੇ ਹੱਕ ਵਿੱਚ ਜ਼ੁਲਮ ਨੂੰ ਖ਼ਤਮ ਕਰਨ ਬਾਰੇ ਕੋਸ਼ਿਸ਼ਾਂ ਵੀ ਕਰੋ । ਸਿਆਸਤਦਾਨਾਂ ਨੂੰ ਪੱਤਰ ਲਿੱਖੋ ਅਤੇ ਉਹਨਾਂ ਨੂੰ ਸਮਝਾਓ ਕਿ ਜੋ ਵੀ ਤੁਸੀਂ ਲੋਕ ਕਰ ਰਹੇ ਹੋ ਬਹੁਤ ਗ਼ਲਤ ਕਰ ਰਹੇ ਹੋ । ਫ਼ਲਸਤੀਨੀਆਂ ਨੂੰ ਵੀ ਰੱਬ ਦੁਆਵਾਂ ਅਤੇ ਆਪਣੀ ਰੂਹਾਨੀ ਹਾਲਤਾਂ ਨੂੰ ਚੰਗਾ ਕਰਨ ਦੀ ਤੌਫ਼ੀਕ ਬਖ਼ਸ਼ੇ । ਯੂਕਰੈਨ ਅਤੇ ਰੂਸ ਦੀ ਜੰਗ ਵਿੱਚ ਵੀ, ਜਿਸ ਵਿੱਚ ਯੂਰੋਪ ਅਤੇ ਅਮਰੀਕਾ ਦੇ ਸਿੱਧੇ ਤੌਰ'ਤੇ ਸ਼ਾਮਿਲ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ । ਇਸ ਨਾਲ ਵੀ ਵਿਸ਼ਵ ਯੁੱਧ ਦਾ ਖ਼ਤਰਾ ਹੋਰ ਵੱਧ ਰਿਹਾ ਹੈ । ਉਸ ਲਈ ਵੀ ਦੁਆ ਕਰੋ ਕਿ ਰੱਬ ਸੰਸਾਰ ਨੂੰ ਤਬਾਹੀ ਤੋਂ ਬਚਾਏ । ਬਚਾਓ ਲਈ ਮੈਂ ਪਹਿਲਾਂ ਵੀ ਕਿਹਾ ਸੀ ਅਤੇ ਮੇਰੇ ਤੋਂ ਪਹਿਲਾਂ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਰਾਬੇ ਰਹਿਮਾਹੁੱਲਾਹ ਵੀ ਇੱਕ ਨੁਸਖਾ ਐਟਮੀ ਪ੍ਰਭਾਵ ਤੋਂ ਬਚਣ ਦਾ ਦੇ ਚੁੱਕੇ ਹਨ । ਉਸ ਦਾ ਵੀ ਇੱਕ ਕੋਰਸ, ਤਿੰਨ ਤਿੰਨ ਖ਼ੁਰਾਕਾਂ ਦਾ ਮੁੜ੍ਹ ਕਰ ਲੈਣਾ ਚਾਹੀਦਾ ਹੈ ਇੰਝ ਹੀ ਘਰਾਂ ਵਿੱਚ ਰਾਸ਼ਨ ਵੀ ਦੋ ਤਿੰਨ ਮਹੀਨਿਆਂ ਦਾ ਅਹਮਦੀਆਂ ਨੂੰ ਰੱਖਣਾ ਚਾਹੀਦਾ ਹੈ ਅਤੇ ਖ਼ਾਸ ਤੌਰ'ਤੇ ਜਿੱਥੇ ਸਿੱਧਾ ਤੌਰ'ਤੇ ਜੰਗ ਦਾ ਖ਼ਤਰਾ ਹੈ । ਜੰਗ ਨ ਵੀ ਹੋਵੇ । ਤੱਦ ਵੀ ਉਸ ਦਾ ਲਾਭ ਹੀ ਹੈ । ਯਮਨ ਦੇ ਅਹਮਦੀਆਂ ਲਈ ਦੁਆ ਕਰੋ ਕਿ ਰੱਬ ਉਹਨਾਂ ਦੀ ਆਜ਼ਾਦੀ ਦੇ ਜਲਦ ਸਮਾਨ ਪੈਦਾ ਕਰੇ । ਰੱਬ ਸੰਸਾਰ ਨੂੰ ਇਹ ਵੀ ਅਕਲ ਬਖ਼ਸ਼ੇ ਕਿ ਉਹ ਤਰੱਕੀ ਦੇ ਨਾਂ ਉੱਤੇ ਸੰਸਾਰ ਦੇ ਗੰਦ ਵਿੱਚ ਪੈਣ ਦੀ ਥਾਂ ਰੱਬ ਦੀ ਪਛਾਣ ਕਰੇ । ਮੁਸਲਮਾਨ ਦੇਸ਼ਾਂ ਨੂੰ ਵੀ ਰੱਬ ਇਨੰਸਾਫ਼ ਉੱਤੇ ਕਾਯਮ ਕਰਕੇ ਇੱਕ ਹੋਣ ਦੀ ਤੌਫ਼ੀਕ ਬਖ਼ਸ਼ੇ । ਸਾਨੂੰ ਵੀ ਤੌਫ਼ੀਕ ਦੇ ਕਿ ਅਸੀਂ ਰੱਬ ਦੇ ਸੰਦੇਸ਼ ਨੂੰ ਹਰ ਵਿਅਕਤੀ ਤੱਕ ਪਹੁੰਚਾ ਸਕਣ ।

ਖ਼ੁਤਬੇ ਦੇ ਅੰਤ ਵਿੱਚ ਹਜ਼ੂਰੇ ਅਨਵਰ ਨੇ ਸ਼੍ਰੀਮਾਨ ਤਾਹਿਰ ਇਕਬਾਲ ਚੀਮਾ ਸਾਹਿਬ ਇਬਨੇ ਖ਼ਿਜ਼ਰ ਹਯਾਤ ਚੀਮਾ ਸਾਹਿਬ ਸਦਰ ਜਮਾਅਤ ਅਹਮਦੀਆਂ ਚੈਕ 84 ਫ਼ਤਹਿਪੂਰ ਜ਼ਿੱਲ੍ਹਾ ਬਹਾਵਲਪੂਰ ਦੀ ਸ਼ਹਾਦਤ ਦਾ ਜ਼ਿਕਰ ਫ਼ਰਮਾਇਆ । ਜਿੰਨ੍ਹਾਂ ਨੂੰ ਪਿੱਛਲੇ ਦਿਨੀਂ ਸ਼ਹੀਦ ਕਰ ਦਿੱਤਾ ਗਿਆ ਅਤੇ ਦੁਆ ਕੀਤੀ ਕਿ ਰੱਬ ਸਵਰਗਵਾਸੀ ਸ਼ਹੀਦ ਦਾ ਮੁਕਾਮ ਉੱਚਾ ਕਰੇ । ਰਹਿਮਤ ਅਤੇ ਬਖ਼ਸ਼ਿਸ਼ ਦਾ ਸਲੂਕ ਫ਼ਰਮਾਏ । ਪਿੱਛੇ ਰਹਿਣ ਵਾਲਿਆਂ ਨੂੰ ਸਬਰ ਬਖ਼ਸ਼ੇ ਅਤੇ ਉਹਨਾਂ ਦੀਆਂ ਨੇਕੀਆਂ ਜਾਰੀ ਰੱਖਣ ਦੀ ਤੌਫ਼ੀਕ ਬਖ਼ਸ਼ੇ । ਹਜ਼ੂਰੇ ਅਨਵਰ ਨੇ ਨਮਾਜ਼ ਜੁਮਾਅ ਦੇ ਬਾਦ ਉਹਨਾਂ ਦਾ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਵੀ ਐਲਾਨ ਫ਼ਰਮਾਇਆ ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔